**COHERENCE** – The Multidisciplinary Research Journal
Volume No: 15, Issue No: 2, Year: 2024 (July-December)
PP: 115-119
ISSN: 0976-5301
Peer Reviewed & Refereed Journal (IF: 7.85)
Journal Website www.coherencejournal.in

# ਪੰਜਾਬੀ ਨਾਵਲ ਅਤੇ ਕਿਸਾਨੀ ਸੰਕਟ

## (ਨਾਵਲ ਦੇ ਸੰਦਰਭ ਵਿੱਚ)

**ਅਮਨਪਾਲ ਕੌਰ**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ

ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ), ਪੰਜਾਬ

---

ਸਾਹਿਤ ਇੱਕ ਸੂਖਮ ਕਲਾ ਹੈ, ਜਿਸ ਦਾ ਉਦੇਸ਼ ਸੁਹਜ ਉਪਜਾਉਣਾ ਅਤੇ ਇਸ ਸੁਹਜ ਰਾਹੀਂ ਚੰਗੇਰੇ ਜੀਵਨ ਦੀ ਪ੍ਰੇਰਣਾ ਬਣਨਾ ਹੈ। ਸਾਹਿਤ ਵਿੱਚ ਸਮਾਜ ਦਾ ਸਮਾਜਿਕ ਅਤੇ ਸੱਭਿਆਚਾਰਕ ਜੀਵਨ, ਸਾਹਿਤ ਦੀ ਵਸਤੂ ਬਣਕੇ ਪੇਸ਼ ਹੁੰਦਾ ਹੈ। ਸਾਹਿਤ ਅਜਿਹੀ ਕਲਾ ਹੈ, ਜਿਹੜੀ ਸਮਾਜ ਦੇ ਹਿੱਤ ਵਿੱਚ ਭੁਗਤਣ ਦੀ ਅਤੇ ਜ਼ਿੰਦਗੀ ਨੂੰ ਹੋਰ ਚੰਗੇਰਾ ਬਣਾਉਣ ਦਾ ਵਸੀਲਾ ਬਣਦੀ ਹੈ। ਇਸ ਲਈ ਸਮੁੱਚੇ ਸਾਹਿਤ ਦੀਆਂ ਰੂਪ ਵਿਧਾਵਾਂ ਦੇ ਉਭਰਨ ਤੇ ਵਿਕਸਣ ਦੀ ਪ੍ਰਕਿਰਿਆ ਦਾ ਸੰਬੰਧ ਸਮਾਜ ਵਿਸ਼ੇਸ਼ ਦੇ ਸਮਾਜਿਕ ਵਿਕਾਸ ਨਾਲ ਜੁੜਿਆ ਹੋਇਆ ਹੈ। ਇਹ ਸਮਾਜਿਕ ਵਿਕਾਸ ਜਿਸ ਪੱਧਰ 'ਤੇ ਵਾਪਰਦਾ ਹੈ, ਸਾਹਿਤ ਆਪਣੀਆਂ ਰੂਪ ਵਿਧਾਵਾਂ ਨਾਲ ਇਨ੍ਹਾਂ ਦਾ ਦਰਪਣ ਬਣਦਾ ਹੈ।

ਇਸ ਪਰਚੇ ਵਿੱਚ ਪੰਜਾਬੀ ਗਲਪ ਦੀ ਵਿਧਾ ਨਾਵਲ ਉੱਪਰ ਫੋਕਸ ਕੀਤਾ ਜਾ ਰਿਹਾ ਹੈ।

ਪੰਜਾਬੀ ਨਾਵਲ ਦਾ ਆਰੰਭ ਬਸਤੀਵਾਦੀ ਪ੍ਰਭਾਵਾਂ ਅਧੀਨ ਭਾਰਤੀ ਨਾਵਲ ਦੀ ਪਿਛੋਕੜ ਵਿੱਚ ਹੋਇਆ। ਸਮਾਜਿਕ ਧਾਰਮਿਕ ਨੀਤੀਆਂ, ਪੱਛਮੀ ਸੰਸਕ੍ਰਿਤੀ ਦੇ ਵੱਧਦੇ ਪ੍ਰਭਾਵ ਅਤੇ ਇਸਾਈ ਪਾਦਰੀਆਂ ਦੀਆਂ ਵੱਧ ਰਹੀਆਂ ਗਤੀਵਿਧੀਆਂ ਦੀ ਪ੍ਰਤੀਕਿਰਿਆ ਦੇ ਸਿੱਟੇ ਵਜੋਂ ਪੰਜਾਬ ਵਿੱਚ ਧਾਰਮਿਕ ਪੁਨਰ ਸੁਰਜੀਤੀ ਦੀਆਂ ਲਹਿਰਾਂ ਪੈਦਾ ਹੋਈਆਂ। ਇਨ੍ਹਾਂ ਲਹਿਰਾਂ ਦਾ ਮੂਲ ਮੰਤਵ ਜਿੱਥੇ ਇਸਾਈ ਧਰਮ ਦੇ ਵੱਧਦੇ ਪ੍ਰਭਾਵ ਨੂੰ ਰੋਕਣਾ ਸੀ, ਉੱਥੇ ਆਪਣੇ ਅਤੀਤ ਦੇ ਗੌਰਵ ਨੂੰ ਦਿਖਾਕੇ ਲੋਕਾਂ ਵਿੱਚ ਆਪਣੇ ਧਰਮਾਂ ਪ੍ਰਤੀ ਆਸਥਾ ਪੈਦਾ ਕਰਨਾ ਵੀ ਸੀ। ਸੋ ਭਾਈ ਵੀਰ ਸਿੰਘ ਦੇ ਪਹਿਲੇ ਨਾਵਲ 'ਸੁੰਦਰੀ' ਤੋਂ ਸ਼ੁਰੂ ਹੋਈ ਇਹ ਨਾਵਲੀ ਯਾਤਰਾ ਨਿਰੰਤਰ ਜਾਰੀ ਹੈ। ਇਸ ਤਰ੍ਹਾਂ ਪੰਜਾਬੀ ਨਾਵਲ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦੇ ਉਦੇਸ਼ ਮੁਖੀ ਆਦਰਸ਼ਵਾਦੀ ਤੇ ਸਦਾਚਾਰਕ ਚੇਤਨਾ ਦਾ ਵਿਕਾਸ ਕਰਦਾ ਹੋਇਆ, ਸਾਡੇ ਗਤੀਸ਼ੀਲ ਸਮਾਜਿਕ ਯਥਾਰਥ ਨੂੰ ਆਪਣੇ ਕੇਂਦਰ ਵਿੱਚ ਲੈਂਦਾ ਹੋਇਆ ਇਸ ਦਾ ਗਲਪੀ ਰੂਪਾਂਤਰਣ ਪੇਸ਼ ਕਰਦਾ ਹੈ।

"ਨਾਵਲ ਆਧੁਨਿਕ ਸਾਹਿਤ ਅਤੇ ਸਮੇਂ ਦਾ ਪ੍ਰਤੀਨਿਧ ਪ੍ਰਤਿਨਿਧ ਰੂਪਾਂਤਕ ਸੂਝ ਮਾਡਲ ਹੈ, ਜੋ ਜਾਗਰੂਕਤਾ ਸਮਾਜ ਦੇ ਪਤਨ ਅਤੇ ਪੂੰਜੀਵਾਦੀ ਸਮਾਜ ਦੇ ਉਭਾਰ ਸਦਕਾ ਰਿਸ਼ਤਿਆਂ ਵਿੱਚ ਆਈ ਜਟਿਲਤਾ ਨੂੰ ਬਾਖੂਬੀ ਚਿਤਰਦਾ ਹੈ। ਆਧੁਨਿਕ ਚੇਤਨਾ ਦੀ ਕੁੱਖੋਂ ਪੈਦਾ ਹੋਇਆ ਲੰਮੀ ਗਦ ਕਥਾ ਦੇ ਰੂਪ ਵਿੱਚ ਵਿਸ਼ਾਲ ਅਤੇ ਵਿਲੱਖਣ ਅਸਿਤੱਤਵ ਦਾ ਧਾਰਨੀ ਨਾਵਲ ਇੱਕ ਅਜਿਹੀ ਸਾਹਿਤ ਵਿਧਾ ਹੈ, ਜੋ ਸਮਕਾਲੀ ਸਮਾਜ ਦੇ ਸਮੱਸਿਆ ਮੂਲਕ ਸੰਕਟਮਈ ਵਸਤੂ ਸਥਿਤੀਆਂ ਨੂੰ ਬਹੁਦਿਸ਼ਾਈ ਰੂਪ ਵਿੱਚ ਅਭਿਵਿਅਕਤ ਕਰਦਾ ਹੈ। " (1)

ਇਸ ਤਰ੍ਹਾਂ 'ਨਾਵਲ ਵਿਅਕਤੀ ਅਤੇ ਸਮਾਜ ਦੇ ਪ੍ਰਕਿਰਤੀ ਵਿਰੋਧੀ ਖਿੱਚ ਨੂੰ ਮਹਾਂਕਾਵਿ ਪੱਧਰ 'ਤੇ ਚਿਤਰਦਾ ਹੈ। ਨਾਵਲ ਦਾ ਵਿਕਾਸ ਅਜਿਹੇ ਸਮਾਜ ਵਿੱਚ ਹੀ ਸੰਭਵ ਹੈ, ਜਿੱਥੇ ਵਿਅਕਤੀ ਅਤੇ ਸਮਾਜ ਵਿਚਲਾ ਸੰਤੁਲਨ ਵਿਗੜ ਚੁੱਕਾ ਹੋਵੇ ਅਤੇ ਅਜਿਹਾ ਸਮਾਜ ਹੀ ਹੁੰਦਾ ਹੈ। " (2)


© Copyright @ Authors

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਨਾਵਲ ਨੂੰ ਪੂੰਜੀਵਾਦੀ ਯੁੱਗ ਦਾ ਮਹਾਂਕਾਵਿ ਕਹਿਣਾ ਕੋਈ ਅਤਿਕਥਨੀ ਨਹੀਂ, ਕਿਉਂਕਿ 'ਆਧੁਨਿਕ ਜੀਵਨ ਦੀਆਂ ਜਟਿਲਤਾਵਾਂ ਅਤੇ ਵਿਸੰਗਤੀਆਂ ਨੂੰ ਰੂਪਮਾਨ ਕਰਨ ਵਿੱਚ ਇਹ ਸਭ ਤੋਂ ਸਮਰੱਥ ਰਿਹਾ ਹੈ। ਆਕਾਰ ਵਿੱਚ ਵੱਡਾ ਅਤੇ ਵਿਸ਼ਾਲ ਹੋਣ ਦੇ ਕਾਰਨ ਅਤੇ ਵਿਧੀ ਵਿੱਚ ਵਸਤੂਮੁਖ ਹੋਣ ਦੇ ਸਦਕਾ ਆਧੁਨਿਕ ਯੁੱਗ ਦੇ ਲੇਖਕ ਵੀ ਸਾਹਿਤ ਦੇ ਇਸ ਰੂਪ ਨੂੰ ਵਧੇਰੇ ਪਿਆਰ ਕਰਦੇ ਹਨ। ਯੂਰਪ ਵਿੱਚ ਸਤਾਰਵੀਂ ਸਦੀ ਤੋਂ ਸ਼ੁਰੂ ਹੋ ਕੇ ਅੱਜ ਇਹ ਰੂਪਾਕਾਰ ਸਾਰੀ ਦੁਨੀਆਂ ਦੀਆਂ ਭਾਸ਼ਾਵਾਂ ਵਿੱਚ ਲਿਖਿਆ ਅਤੇ ਪੜ੍ਹਿਆ ਜਾ ਰਿਹਾ ਹੈ। ' (3)

ਇੱਥੇ ਇਹ ਵੀ ਵਰਣਨਯੋਗ ਹੈ ਕਿ ਮੁੱਢਲੇ ਪੰਜਾਬੀ ਨਾਵਲ ਦੀ ਅੰਤਰਿਕ ਬਣਤਰ ਦੇ ਅੰਸ਼ ਮੱਧਕਾਲੀਨ ਕਥਾ-ਸਾਹਿਤ ਵਾਲੇ ਹੀ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਸਮਝ ਸਕਦੇ ਹਾਂ ਕਿ ਸਾਹਿਤ ਕਿਸੇ ਵੀ ਸਮਾਜਿਕ, ਆਰਥਿਕ ਵਰਤਾਰੇ ਤੋਂ ਨਿਰਲੇਪ ਨਹੀਂ ਹੋ ਸਕਦਾ। ਕਿਸੇ ਵੀ ਸਮਾਜਿਕ ਸਰੋਕਾਰ ਦਾ ਸਾਹਿਤਕ ਵਿਸ਼ਾ ਬਣਨਾ ਲਾਜ਼ਮੀ ਹੁੰਦਾ ਹੈ। ਇਸ ਪਰਚੇ ਵਿੱਚ ਅਸੀਂ ਮਨੁੱਖੀ ਹੋਂਦ ਨਾਲ ਲੜਦੇ ਸਰੋਕਾਰ ਕਿਸਾਨੀ ਸੰਕਟ ਨੂੰ ਵਿਚਾਰਾਂਗੇ। ਇਸ ਤਹਿਤ ਅਸੀਂ ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਅਤੇ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਨੂੰ ਚੁਣਿਆ ਹੈ।

'ਕੋਠੇ ਖੜਕ ਸਿੰਘ' ਨਾਵਲ ਦਾ ਸਮਾਂ ਬਿੰਦੂ 1940 ਈ. ਦੇ ਲਗਭਗ ਸ਼ੁਰੂ ਹੁੰਦਾ ਹੈ। ਇਹ ਨਾਵਲ ਜਿੱਥੇ ਕਿਸਾਨੀ ਦੇ ਸੰਕਟ ਨੂੰ ਪੇਸ਼ ਕਰਦਾ ਹੈ, ਉੱਥੇ ਕਿਸਾਨੀ ਜੀਵਨ ਵਿਚਲੇ ਸਮਾਜਿਕ, ਆਰਥਿਕ ਅਤੇ ਮਨੋ-ਵਿਗਿਆਨਕ ਸੰਕਟ ਦੇ ਯਥਾਰਥ ਨੂੰ ਵੀ ਪ੍ਰਗਟਾਉਂਦਾ ਹੈ। ਨਾਵਲ ਦੇ ਆਰੰਭ ਵਿੱਚ ਜਾਗੀਰਦਾਰੀ ਕਰਜ਼ਾ-ਕੀਮਤਾਂ ਦੇ ਧਾਰਨੀ ਪਾਤਰ ਝੰਡਾ ਸਿੰਘ ਅਤੇ ਉਸ ਦੇ ਪਰਿਵਾਰ ਦੀ ਪੇਸ਼ਕਾਰੀ ਕੀਤੀ ਗਈ ਹੈ, ਜਿਸ ਵਿੱਚ ਜਾਗੀਰਦਾਰ ਕਿਸਾਨ ਦੇ ਆਪਣੀ ਜ਼ਮੀਨ ਵਧਾਉਣ ਲਈ ਨਿਮਨ ਕਿਸਾਨ ਦੀ ਜ਼ਮੀਨ ਹਥਿਆਉਣ ਅਤੇ ਫਿਰ ਬੈਅ ਲੈਣ ਤੱਕ ਦੇ ਸਫ਼ਰ ਦੌਰਾਨ ਵਰਤੇ ਜਾਂਦੇ ਹੱਥਕੰਡੇ ਉੱਪਰ ਚਾਨਣਾ ਪਾਉਂਦਾ ਹੈ। ਇੱਥੋਂ ਤੱਕ ਕਿ ਝੰਡਾ ਸਿੰਘ ਆਪਣੀ ਪਤਨੀ ਦੇ ਸੰਬੰਧ ਆਪਣੇ ਭਰਾ ਨਾਲ ਹੋਣ ਨੂੰ ਵੀ ਬੁਰਾ ਨਹੀਂ ਮੰਨਦਾ। ਕਿਸਾਨੀ ਜੀਵਨ ਵਿੱਚ ਔਰਤਾਂ ਆਪਣੇ ਘਰ-ਪਰਿਵਾਰ ਲਈ ਬਹੁਤ ਕੁਰਬਾਨੀਆਂ ਦਿੰਦੀਆਂ ਹਨ।

"ਬੰਤੋਂ ਨੂੰ ਕੌਣ ਨੀ ਜਾਣਦਾ। ਉਹਨੇ ਪੁੱਤ ਦੀ ਵਿਆਹ ਖੁਮਾਂ ਵੀ ਤਾਂ ਇੱਕਠੀ ਰੱਖਣੀ ਆ। ਬੰਤੋ ਤਾਂ ਤੀਹੋਂ ਕਾਲ ਇਹਨੂੰ ਆਪਣੇ ਚੁੱਲ੍ਹੇ ਉੱਤੇ ਹੀ ਰੱਖੂ ਸਾਰੀ ਉਮਰ। " (4)

ਕਿਸਾਨ ਸਮਾਜ ਦਾ ਉਹ ਵਰਗ ਹੈ, ਜਿਸ ਦੀ ਆਰਥਿਕਤਾ ਦਾ ਆਧਾਰ ਉਸ ਦੀ ਨਿੱਜੀ ਭੂਮੀ ਹੁੰਦਾ ਹੈ। ਨਿੱਜੀ ਭੂਮੀ ਦੀ ਮਾਲਕੀ ਕਿਸਾਨ ਦੀ ਉਸ ਦੇ ਆਪਣੇ ਸਮਾਜ ਵਿੱਚ ਸਮਾਜਿਕ ਹੈਸੀਅਤ ਨੂੰ ਕਾਇਮ ਰੱਖਦੀ ਹੈ। ਇਸ ਨਾਵਲ ਵਿੱਚ ਵਾਪਰਦੀ ਕਹਾਣੀ ਵਿੱਚੋਂ ਪੇਂਡੂ ਸੱਭਿਆਚਾਰ ਦੇ ਪ੍ਰਤੀਨਿਧ ਅਨੇਕ ਪਾਤਰ ਮਿਲਦੇ ਹਨ, ਜਿਵੇਂ ਪ੍ਰੀਤਮ ਕੌਰ ਆਪਣਾ ਸਭ ਕੁਝ ਗੁਆ ਕੇ ਮਲੰਗ ਬਣ ਜਾਂਦਾ ਹੈ ਅਤੇ ਇਸ ਤਰ੍ਹਾਂ ਹੋਰ ਪਾਤਰ ਵੀ ਸਮੇਂ ਨਾਲ ਬਦਲਦੇ ਵਿਖਾਈ ਦਿੰਦੇ ਹਨ।

ਜਦੋਂ ਦੇਸ਼ ਆਜ਼ਾਦ ਹੋਇਆ, ਭਾਰਤ ਵਾਸੀਆਂ ਦੀਆਂ ਉਮੀਦਾਂ ਸਨ ਕਿ ਉਨ੍ਹਾਂ ਨੂੰ ਆਰਥਿਕ ਆਜ਼ਾਦੀ ਮਿਲੇਗੀ, ਪਰ ਇਸ ਤਰ੍ਹਾਂ ਹੋਣ ਦੀ ਬਜਾਏ ਰਾਜਨੀਤਿਕ ਆਜ਼ਾਦੀ ਨਵੀਂ ਤਰ੍ਹਾਂ ਦੀ ਗੁਲਾਮੀ ਲੈ ਕੇ ਆਈ। ਇਸ ਨਾਵਲ ਦੇ ਪਾਤਰ ਬਲਕਾਰ ਵਰਗ, ਜਿਸ ਆਜ਼ਾਦੀ ਦੀ ਉਡੀਕ ਵਿੱਚ ਆਪਣੀ ਜਾਨ ਗਵਾ ਚੁੱਕੇ ਸਨ, ਉਸ ਆਜ਼ਾਦੀ ਦਾ ਤਾਂ ਨਾਮ-ਨਿਸ਼ਾਨ ਹੀ ਨਹੀਂ ਸੀ। ਇਹ ਸਭ ਇਸ 'ਕੋਠੇ ਖੜਕ ਸਿੰਘ' ਨਾਵਲ ਵਿੱਚ ਰਾਮ ਸਰੂਪ ਅਣਖੀ ਨੇ ਵਾਪਰਦਾ ਦਿਖਾਇਆ ਹੈ।


© Copyright @ Authors

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਉਸ ਸਮੇਂ ਸਮਾਜ ਵਿੱਚ ਜਾਤ-ਪਾਤੀ ਸਿਸਟਮ ਵਿੱਚ ਸਾਰੀਆਂ ਜਾਤਾਂ ਜੱਟ ਧੁਰੇ ਦੁਆਲੇ ਘੁੰਮਦੀਆਂ ਸਨ ਅਤੇ ਮੁੱਢਲੇ ਸਮੇਂ ਵਿੱਚ ਜੱਟਾਂ ਦੀਆਂ ਲਾਲਸਾਵਾਂ ਤੀਹੀ ਅਤੇ ਜ਼ਮੀਨ। ਕਦੇ ਉਹ ਤੀਹੀ ਦੀ ਖ਼ਾਤਰ ਆਪਣਾ ਸਭ ਕੁਝ ਲੁਟਾ ਦਿੰਦਾ, ਅਤੇ ਕਦੇ ਜ਼ਮੀਨ ਦੀ ਖ਼ਾਤਰ ਆਪਣੀ ਤੀਹੀ ਦੀ ਪਰਵਾਹ ਨਹੀਂ ਕਰਦਾ। ਇਹ ਨਾਵਲ ਇਸ ਸੱਚ ਨੂੰ ਬਾਖ਼ੂਬੀ ਪੇਸ਼ ਕਰਦਾ ਹੈ, ਜਿਸ ਤਹਿਤ ਕਿਸਾਨਾਂ ਦੁਆਰਾ ਆਪਣੀ ਜ਼ਮੀਨ ਨੂੰ ਬਚਾਉਣ ਲਈ ਹਰ ਹੀਲਾ ਵਸੀਲਾ ਵਰਤਿਆ ਜਾਂਦਾ ਹੈ। ਤੀਰਥ ਭਰੀ ਪੰਚਾਇਤ ਵਿੱਚ ਆਪਣੀ ਪੱਗ ਗੋਂਦਣ ਦੇ ਪੈਰਾਂ ਵਿੱਚ ਰੱਖ ਦਿੰਦਾ ਹੈ ਤਾਂ ਕਿ ਉਸ ਦੀ ਜ਼ਮੀਨ ਉਸਨੂੰ ਵਾਪਸ ਮਿਲ ਜਾਵੇ। ਕਿਸਾਨੀ ਸੰਘਰਸ਼ ਦੀ ਲੋੜ ਮਹਿਸੂਸਦੀ ਜਮਾਤੀ ਅਤੇ ਸੰਘਰਸ਼ ਕਰਦੇ ਬਲਕਾਰ ਵਰਗ ਦੀਆਂ ਯੋਧੀਆਂ ਨੂੰ ਵੀ ਧੋਖੇ ਨਾਲ ਮਰਵਾਉਣ ਦਾ ਸੱਚ ਇਸ ਨਾਵਲ ਵਿੱਚ ਪੇਸ਼ ਕੀਤਾ ਗਿਆ ਹੈ।

ਅਸੀਂ ਜਾਣਦੇ ਹਾਂ ਕਿ ਦੂਜੀ ਸੰਸਾਰ ਜੰਗ (1939) ਤੋਂ ਬਾਅਦ ਹੀ ਅੰਗਰੇਜ਼ੀ ਸਰਕਾਰ ਦਾ ਕਾਂਗਰਸ ਪਾਰਟੀ ਨਾਲ ਸਮਝੌਤਾ ਹੋਣ ਕਰਕੇ ਰਾਜਸੱਤਾ ਕਾਂਗਰਸ ਪਾਰਟੀ ਦੇ ਹੱਥ ਚਲੀ ਗਈ। 'ਕਾਂਗਰਸ ਨੇ ਵੀ ਜਾਗੀਰਦਾਰਾਂ ਨਾਲ ਭਿਆਲੀ ਪਾਈ ਤਾਂ ਜੋ ਕਿਸਾਨੀ ਮੁਜ਼ਾਰਾ ਲਹਿਰਾਂ ਨੂੰ ਉਹਨਾਂ ਦੀ ਮਦਦ ਨਾਲ ਕੁਚਲਿਆ ਜਾ ਸਕੇ। ' (5)

ਸੰਖੇਪ ਰੂਪ ਵਿੱਚ ਕਹਿਣਾ ਹੋਵੇ ਤਾਂ ਸਿੱਟਾ ਇਹ ਨਿਕਲਦਾ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਪੰਜਾਬ ਦੀ ਕਿਸਾਨੀ ਆਰਥਿਕ ਤੌਰ 'ਤੇ ਘਾਟੇ ਦੀ ਹੀ ਸ਼ਿਕਾਰ ਰਹੀ। ਅੰਗਰੇਜ਼ੀ ਸਾਮਰਾਜ ਨੇ ਕਿਸਾਨੀ ਨੂੰ ਖ਼ੁਸ਼ ਰੱਖਣ ਦੀਆਂ ਬਹੁਤ ਕੋਸ਼ਿਸ਼ਾਂ, ਜਿਵੇਂ ਲੈਂਡ ਏਲੀਏਨੇਸ਼ਨ ਐਕਟ 1901, ਨਹਿਰਾਂ ਵਸਾਉਣਾ ਆਦਿ, ਕੀਤੀਆਂ, ਪਰ ਫਿਰ ਵੀ ਪੰਜਾਬੀ ਕਿਸਾਨੀ ਵਿੱਚ ਅੰਗਰੇਜ਼ਾਂ ਦੀਆਂ ਗਲਤ ਅਤੇ ਸ਼ੋਸ਼ਣੀ ਨੀਤੀਆਂ ਪ੍ਰਤੀ ਜਾਗਰੂਕਤਾ ਆਉਣੀ ਸ਼ੁਰੂ ਹੋ ਗਈ ਸੀ। ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਗ਼ਦਰ ਲਹਿਰ, ਭਾਰਤ ਨੌਜਵਾਨ ਸਭਾ ਅਤੇ ਕਿਸਾਨੀ ਪਾਰਟੀਆਂ ਨੇ ਆਪਣੇ-ਆਪਣੇ ਤਰੀਕਿਆਂ ਨਾਲ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਆਪਣੀ ਆਵਾਜ਼ ਨੂੰ ਬੁਲੰਦ ਕੀਤਾ। 1945 ਵਿੱਚ ਸੰਗਠਿਤ ਹੋਈ ਮੁਜ਼ਾਰਾ ਜੰਗੀ ਕੌਂਸਲ ਨੇ ਵੀ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਆਰੰਭਿਆ ਹੋਇਆ ਸੀ। ਯੂਨੀਅਨਿਸਟ ਪਾਰਟੀ ਵੀ ਕਿਸਾਨੀ ਹਿੱਤਾਂ ਲਈ ਸੰਘਰਸ਼ਸ਼ੀਲ ਰਹੀ।

ਇੱਕ ਹੋਰ ਮੁੱਦਾ ਜੋ ਇਸ ਨਾਵਲ ਵਿੱਚ ਸਾਹਮਣੇ ਆਉਂਦਾ ਹੈ, ਕਿ ਆਜ਼ਾਦੀ ਮਿਲਣ ਉਪਰੰਤ ਵੀ ਕਿਸਾਨੀ ਦੀ ਹਾਲਤ ਵਿੱਚ ਸੁਧਾਰ ਨਹੀਂ ਆਇਆ। ਸਗੋਂ ਮੁਜ਼ਰਬੰਦੀ ਵਿੱਚ ਜ਼ਮੀਨਾਂ ਦੇ ਵੱਡੇ ਟੁਕੜੇ ਧਨੀ ਕਿਸਾਨਾਂ ਨੇ ਰਾਜਨੀਤਿਕ ਰੁੱਖ ਹੇਠ ਆਪਣੇ ਕੋਲ ਰੱਖੇ। ਇਸ ਤੋਂ ਇਲਾਵਾ 'ਹਰੇ-ਇਨਕਲਾਬ' ਦੇ ਫਲਸਰੂਪ ਜਿੱਥੇ ਉਤਪਾਦਨ ਵਧਿਆ, ਉੱਥੇ ਖੇਤੀ ਮਹਿੰਗੀ ਕੀਤੀ ਬਣ ਗਈ। ਇਸ ਲਈ ਵਾਧੂ ਸਰਮਾਇਆ ਵੀ ਧਨੀ ਕਿਸਾਨੀ ਦੇ ਹੱਥ ਆਇਆ। ਜਿਸ ਕਰਕੇ ਉਦਯੋਗੀਕਰਨ, ਮਸ਼ੀਨੀਕਰਨ ਨੇ ਧਨੀ ਕਿਸਾਨੀ ਨੂੰ ਹੋਰ ਧਨੀ ਅਤੇ ਗਰੀਬ ਕਿਸਾਨਾਂ ਨੂੰ ਹੋਰ ਗਰੀਬ ਕਰ ਦਿੱਤਾ। ਇਸ ਨਾਵਲ ਵਿੱਚ ਵੀ ਲੇਖਕ ਨੇ ਯਥਾਰਥਕ ਚਿੱਤਰ ਪੇਸ਼ ਕਰਦਿਆਂ ਜ਼ਮੀਨ ਦੀ ਮੁਜ਼ਰਬੰਦੀ, ਪੱਕੀਆਂ ਸੜਕਾਂ ਅਤੇ ਹੋਰ ਵਿਕਾਸ ਦੇ ਸਿੱਟੇ ਵਜੋਂ ਲੋਕਾਂ ਦੀ ਚੇਤਨਾ ਵਿੱਚ ਆ ਰਹੀ ਤਬਦੀਲੀ ਦਾ ਪੂਰਾ ਯਥਾਰਥਕ ਚਿੱਤਰ ਪੇਸ਼ ਕੀਤਾ ਹੈ।

ਖੇਤੀ ਦੇ ਸਰਮਾਏਦਾਰੀ ਲੀਹਾਂ ਉੱਤੇ ਚੱਲਣ ਕਰਕੇ ਪਰੰਪਰਾਗਤ 'ਸਿਰੀ' ਜਾਂ 'ਹਿੱਸੇ' ਦੇ ਸੰਕਲਪ ਵੀ ਬਦਲ ਗਏ ਹਨ। ਹੁਣ ਜੱਟ ਅਤੇ ਸਿਰੀ ਦੀ ਸਾਂਝ ਖ਼ਤਮ ਹੋ ਗਈ ਹੈ। ਸਿਰੀ ਜੋ ਕਿਸਾਨੀ ਸਮਾਜ ਦਾ ਅੰਗ ਬਣਕੇ ਵਿਚਰਦਾ ਸੀ, ਹੁਣ ਪੂੰਜੀਵਾਦੀ ਦੌਰ ਵਿੱਚ ਫ਼ਾਲਤੂ ਹੋ ਗਿਆ ਹੈ। ਪੂੰਜੀ ਆਧਾਰਿਤ ਇਸ ਢਾਂਚੇ ਨੇ ਸਦੀਆਂ ਪੁਰਾਣੇ ਇਸ ਰਿਸ਼ਤੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।


© Copyright @ Authors

'ਮੜ੍ਹੀ ਦਾ ਦੀਵਾ' ਨਾਵਲ ਪੰਜਾਬੀ ਨਾਵਲ ਜਗਤ ਵਿੱਚ ਇੱਕ ਮੀਲ ਪੱਥਰ ਵਾਂਗ ਹੈ। ਇਸ ਨਾਵਲ ਵਿੱਚ ਨਾਵਲਕਾਰ ਨੇ ਪੂੰਜੀਵਾਦੀ ਕੀਮਤਾਂ ਦੇ ਖੇਤੀ ਅਰਥਚਾਰੇ ਵਿੱਚ ਪ੍ਰਵੇਸ਼ ਨਾਲ ਆਈ ਜੱਟ ਅਤੇ ਸਿਰੀ ਦੇ ਰਿਸ਼ਤੇ ਵਿਚਲੀ ਤਰੇੜ ਨੂੰ ਬਹੁਤ ਯਥਾਰਥਮਈ ਢੰਗ ਨਾਲ ਪੇਸ਼ ਕੀਤਾ ਹੈ। ਡਾ. ਟੀ. ਆਰ. ਵਿਨੋਦ ਅਨੁਸਾਰ, "ਮੜ੍ਹੀ ਦਾ ਦੀਵਾ ਜਾਗੀਰਦਾਰੀ ਸਮਾਜ ਦੀ ਉਸ ਜਮਾਤੀ-ਜਾਤੀ ਸੰਸਕ੍ਰਿਤੀ ਅਤੇ ਸੰਕਟ ਦਾ ਸਮੱਗਰ ਯਥਾਰਥ ਰੂਪਮਾਨ ਕਰਦਾ ਹੈ, ਜੋ ਭੂਮੀ ਰਹਿਤ ਸਿਰੀ ਅਤੇ ਭੂਮੀਪਤੀ ਜ਼ਿੰਮੀਦਾਰ ਦੇ ਬੁਨਿਆਦੀ ਰਿਸ਼ਤਿਆਂ ਦੇ ਆਧਾਰ 'ਤੇ ਉਸਰੀ ਹੈ। " (6)

ਭਾਰਤੀ ਇਤਿਹਾਸ ਉੱਤੇ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਅੰਗਰੇਜ਼ਾਂ ਰਾਹੀਂ ਸਥਾਪਿਤ ਕੀਤੀ ਗਈ ਈਸਟ ਇੰਡੀਆ ਕੰਪਨੀ ਨੇ ਭਾਰਤ ਵਿੱਚ ਵਪਾਰੀ ਵਰਗ ਤੋਂ ਲੈ ਕੇ ਕਿਸਾਨ ਤੱਕ ਹਰ ਵਸਨੀਕ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਅੰਗਰੇਜ਼ਾਂ ਨੇ ਖੇਤੀ ਦੇ ਪਰੰਪਰਾਗਤ ਢਾਂਚੇ ਦਾ ਨਿਆਂਤੀਕਰਨ ਕਰਦਿਆਂ ਨਿੱਜੀ ਮਲਕੀਅਤ ਦਾ ਕਾਨੂੰਨ ਲਾਗੂ ਕਰਕੇ ਉਪਜ ਅਤੇ ਜ਼ਮੀਨ ਨੂੰ ਮੰਡੀ ਦੀਆਂ ਵਸਤਾਂ ਬਣਾ ਦਿੱਤਾ। ਹੁਣ ਖੇਤਾਂ ਦੀ ਉਪਜ ਮੰਡੀਆਂ ਵਿੱਚ ਅਤੇ ਕਾਰਖਾਨਿਆਂ ਦਾ ਮਾਲ ਪਿੰਡਾਂ ਵਿੱਚ ਪਹੁੰਚਣ ਲੱਗਿਆ। ਮੁਦਰਾ ਦਾ ਪਸਾਰ ਵਧਿਆ। ਜਾਗੀਰਦਾਰੀ ਅਰਥਚਾਰੇ ਦੌਰਾਨ ਜਿੱਥੇ ਕਿਸਾਨ ਅਤੇ ਸਿਰੀ ਦਾ ਰਿਸ਼ਤਾ ਭਾਵੁਕ ਸਾਂਝ ਨਾਲ ਬੱਝਿਆ ਹੋਇਆ ਸੀ, ਉੱਥੇ ਕਿਸਾਨੀ ਦੀ ਸੋਚ ਵਪਾਰਕ ਅਤੇ ਨਿਰੋਲ ਪੈਸਾ ਆਧਾਰਿਤ ਹੋਣ ਨਾਲ ਵੀ ਇਹ ਸੰਬੰਧ ਸਵਾਰਥ ਉੱਤੇ ਆਧਾਰਿਤ ਹੋ ਗਿਆ।

'ਮੜ੍ਹੀ ਦਾ ਦੀਵਾ' ਵਿੱਚ ਕਿਸਾਨ ਅਤੇ ਸਿਰੀ ਦੇ ਆਪਸੀ ਰਿਸ਼ਤੇ ਨੂੰ ਤਿੰਨ ਪੁਸ਼ਤਾਂ ਦੇ ਪ੍ਰਸੰਗ ਵਿੱਚ ਚਿਤਰਿਆ ਗਿਆ ਹੈ। ਪਹਿਲੀ ਪੀੜ੍ਹੀ ਜਗਸੀਰ ਦੇ ਪਿਉ ਧਰਮ ਸਿੰਘ ਦੇ ਪਿਉ ਦੀ ਹੈ। ਇਹ ਪੀੜ੍ਹੀ ਜਾਗੀਰਦਾਰੀ ਮਾਨਵਵਾਦੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੈ। ਧਰਮ ਸਿੰਘ ਦੇ ਪਿਉ ਦਾ ਆਪਣੇ ਸਿਰੀ ਪ੍ਰਤੀ ਰਵੱਈਆ ਉਦਾਰਤਾ ਭਰਿਆ ਹੈ। ਪ੍ਰੰਤੂ ਪੂੰਜੀਵਾਦੀ ਕੀਮਤਾਂ ਦੇ ਧਾਰਨੀ ਭੰਤੇ ਦਾ ਰਵੱਈਆ ਆਪਣੇ ਸਿਰੀ ਜਗਸੀਰ ਪ੍ਰਤੀ ਬਿਲਕੁਲ ਉਲਟ ਹੈ। ਉਹ ਉਸਨੂੰ ਸਿਰੀ ਤੋਂ ਵੱਧ ਕੁਝ ਨਹੀਂ ਸਮਝਦਾ। ਸੋ, ਭੰਤੇ ਅਤੇ ਜਗਸੀਰ ਦੇ ਸੰਬੰਧਾਂ ਤੋਂ ਹੀ ਇਸ ਨਾਵਲ ਦੀ ਸਮੱਸਿਆ ਸ਼ੁਰੂ ਹੁੰਦੀ ਹੈ। ਭੰਤਾ ਪੈਸਿਆਂ ਨੂੰ ਰਿਸ਼ਤਿਆਂ ਦਾ ਆਧਾਰ ਸਮਝਦਾ ਹੈ ਅਤੇ ਇਸ ਕਰਕੇ ਹੀ ਉਸਨੂੰ ਆਪਣੇ ਪਿਉ ਦੀ ਜਗਸੀਰ ਪ੍ਰਤੀ ਸੁਹਿਰਦਤਾ ਬਰਦਾਸ਼ਤ ਨਹੀਂ ਹੁੰਦੀ। ਉਹ ਮਾਲਕੀ ਦੇ ਨਸ਼ੇ ਵਿੱਚ ਜਗਸੀਰ ਨੂੰ ਮੰਦੇ ਸ਼ਬਦ ਵੀ ਬੋਲਦਾ ਹੈ।

"ਮੈਂ ਭੁੱਲਿਆ ਤੈਨੂੰ ਨਾਲੇ ਤੇਰੇ ਪਿਉ ਨੂੰ; ਸਾਡੇ ਭੋਲੇ ਬੁੱਢਿਆਂ ਦੀ ਖੱਲ ਈ ਗੱਟ-ਗੱਟ ਖਾਂਦੇ ਰਹੇ ਓ ਨਾਲ਼... ਹੋਰ ਕਮਾਈ ਕਰਕੇ ਸਾਡੇ ਮਹੀਨੇ ਤਾਂ ਨੀ ਉਸਾਰਦੇ ਰਹੇ। " (7)

ਉਪਰੋਕਤ ਸ਼ਬਦ ਜਗਸੀਰ ਨੂੰ ਸੂਲ੍ਹਾਂ ਵਾਂਗ ਚੁੱਭਦੇ ਤਾਂ ਹਨ ਪਰ ਉਹ ਭੰਤੇ ਦੀਆਂ ਵਧੀਕੀਆਂ ਖ਼ਿਲਾਫ਼ ਕੁਝ ਨਹੀਂ ਕਹਿੰਦਾ, ਬਲਕਿ ਗੁਲਾਮੀ ਦਾ ਅਹਿਸਾਸ ਕਰਦਾ ਹੈ। ਬਕੌਲ ਰੌਣਕੀ ਪਾਤਰ ਉਸਨੂੰ ਵੀ ਆਪਣੀ ਕਿਸਮਤ ਬਦਲਦੀ ਨਹੀਂ ਦਿਸਦੀ।

"ਕੋਈ ਤੇਲੀ ਸੀ, ਜਗਸੀਆ, ਉਹਨੇ ਸਾਰੀ ਉਮਰ ਕੋਹਲੂ ਮਰੋੜ ਤੁਰਿਆਂ ਫਿਰਦਿਆਂ ਕੱਢ ਲਈ। ਵੱਡਿਆਂ-ਵਡੇਰਿਆਂ ਤੋਂ ਸੁਣਦਾ ਰਿਹਾ ਸੀ ਬਈ ਬੰਦੇ ਦੀ ਸਾਰੀ ਉਮਰ 'ਚ ਦੱਸ ਵਾਰ ਕਿਸਮਤ ਬਦਲਦੀ ਐ, ਨਾਲੇ ਕਹਿੰਦੇ ਬਾਂਹੀਂ ਵਹੀਂ ਤਾਂ ਰੂੜ੍ਹੀ ਦੀ ਵੀ ਸੁਣੀ ਜਾਂਦੀ ਐ, ਬੰਦੇ ਦੀ ਕਿਵੇਂ ਨਾ ਸੁਣੀ ਜਾਊ? ਪਰ ਆਪਣੇ ਵਰਗਾ ਕੋਈ ਕਰਮਾਂ ਦਾ ਬਲੀ ਸੀ ਜਿਹੜਾ ਸਾਰੀ ਉਮਰ ਉਸੇ ਕੜਾਹੀ 'ਚ ਤੇਲ ਤੱਤਾ ਕਰ-ਕਰ ਪਾ ਗਿਆ ਤੇ ਖੋਪੇ ਬਲਦ ਦੀਆਂ ਅੱਖਾਂ 'ਤੇ ਵੀ ਆਉਂਦੀਆਂ ਤੇ ਆਂ। " (8)


© Copyright @ Authors

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਆਰਥਿਕਤਾ ਕਮਜ਼ੋਰ ਹੋਣ ਕਾਰਨ ਜਗਸੀਰ ਦਾ ਸਾਰੀ ਉਮਰ ਵਿਆਹ ਨਹੀਂ ਹੁੰਦਾ। ਇਸ ਤਰ੍ਹਾਂ ਇਸ ਨਾਵਲ ਵਿੱਚ ਅਲਗਾਅ ਦੀ ਸਮੱਸਿਆ ਨੂੰ ਇਸਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਸੰਦਰਭ ਵਿੱਚ ਉਭਾਰਿਆ ਗਿਆ ਹੈ। ਜਗਸੀਰ ਆਰਥਿਕ ਪੱਖੋਂ ਨਿਰਾਸ਼ ਹੈ। ਉਹ ਭਾਈਚਾਰੇਕ ਕਠੋਰਤਾ ਸਾਹਮਣੇ ਬੇਬਸ ਹੈ ਅਤੇ ਇਤਿਹਾਸ ਦੀ ਗਤੀ ਨਾਲੋਂ ਉਖੜਿਆ ਹੋਇਆ ਹੈ। ਇਸ ਕਰਕੇ ਉਹ ਮਿਹਨਤੀ ਕਾਮਾ ਹੋਣ ਦੇ ਬਾਵਜੂਦ ਅਣਵਿਆਹਿਆ ਰਹਿ ਜਾਂਦਾ ਹੈ। ਉੱਪਰੋਂ ਭੰਤੇ ਦੀ ਬਦਸਲੂਕੀ ਕਾਰਨ ਉਹ ਬੇਬਸੀ ਦੀ ਸਥਿਤੀ ਭੋਗਦਾ ਹੈ।

"ਤੂੰ ਪੁੱਛਦਾ ਮੇਰੇ ਕੋਲ ਝੂਠ ਕਾਹਦੀ ਖਾਤਰ ਬੋਲਿਆ? … ਇਹ ਜੱਟਵਾਦਾਂ ਤੋਂ, ਜਿਨ੍ਹਾਂ ਨੇ ਸਾਨੂੰ ਦੂਰ ਬੈਠਾਕੇ ਕੁੱਝਤਿਆਂ ਅੱਗੋਂ ਬੁਕਰੀ ਸੁੱਟੀ ਹੋਈ, ਕਦੇ ਕਿਸੇ ਦਾ ਭਲਾ ਹੁੰਦਾ? … ਉਹ ਅਗਲੇ ਹੀ ਸੀ, ਜਿਹੜੇ ਲਹੂ ਵਾਰਦੇ ਸੀ ਹੁਣ ਤਾਂ…" ਬੋਲਦਿਆਂ ਉਹਨੂੰ ਖੰਘ ਚੜ੍ਹ ਗਈ। (9)

ਇਸ ਤਰ੍ਹਾਂ ਇਹ ਨਾਵਲ ਕਿਸਾਨੀ ਜੀਵਨ ਵਿਚਲੇ ਸੰਕਟਾਂ ਦੀ ਹਰ ਪੱਖ ਤੋਂ ਤਰਜਮਾਨੀ ਕਰ ਰਿਹਾ ਹੈ।

ਹਵਾਲੇ ਤੇ ਟਿੱਪਣੀਆਂ

1. ਡਾ. ਹਰਜੀਤ ਕੌਰ, 'ਕਿਸਾਨੀ ਸੰਕਟ ਨਾਲ ਸੰਬੰਧਿਤ ਪੰਜਾਬੀ ਨਾਵਲ', ਪਟਿਆਲਾ, ਅਮਰਜੀਤ ਸਾਹਿਤ ਪ੍ਰਕਾਸ਼ਨ, 2009, ਪੰਨਾ-2।
2. Ralph Fox, 'The Novel and the People', Moscow, 1954, p. 82.
3. ਪ੍ਰੋ. ਬ੍ਰਹਮ ਜਗਦੀਸ਼ ਸਿੰਘ, "ਪੰਜਾਬੀ ਨਾਵਲ (ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ)", ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2012, ਪੰਨਾ-11।
4. ਰਾਮ ਸਰੂਪ ਅਣਖੀ, "ਕੋਠੇ ਖੜਕ ਸਿੰਘ", ਦਿੱਲੀ, ਨਵਯੁਗ ਪਬਲਿਸ਼ਰਜ਼, 1981, ਪੰਨਾ-108।
5. ਡਾ. ਹਰਜੀਤ ਕੌਰ, 'ਕਿਸਾਨੀ ਸੰਕਟ ਨਾਲ ਸੰਬੰਧਿਤ ਪੰਜਾਬੀ ਨਾਵਲ', ਪਟਿਆਲਾ, ਅਮਰਜੀਤ ਸਾਹਿਤ ਪ੍ਰਕਾਸ਼ਨ, 2009, ਪੰਨਾ-31।
6. ਟੀ. ਆਰ. ਵਿਨੋਦ, 'ਪੰਜਾਬੀ ਨਾਵਲ ਅਧਿਐਨ', ਲੁਧਿਆਣਾ, ਲਾਹੌਰ ਬੁੱਕ ਸ਼ਾਪ, ਮਿਤੀਹੀਣ, ਪੰਨਾ-50।
7. ਗੁਰਦਿਆਲ ਸਿੰਘ, 'ਮੜ੍ਹੀ ਦਾ ਦੀਵਾ', ਦਿੱਲੀ, ਆਰਸੀ ਪਬਲਿਸ਼ਰਜ਼, 1980, ਪੰਨਾ-100।
8. ਗੁਰਦਿਆਲ ਸਿੰਘ, 'ਮੜ੍ਹੀ ਦਾ ਦੀਵਾ', ਦਿੱਲੀ, ਆਰਸੀ ਪਬਲਿਸ਼ਰਜ਼, 1980, ਪੰਨਾ-104।
9. ਗੁਰਦਿਆਲ ਸਿੰਘ, 'ਮੜ੍ਹੀ ਦਾ ਦੀਵਾ', ਦਿੱਲੀ, ਆਰਸੀ ਪਬਲਿਸ਼ਰਜ਼, 1980, ਪੰਨਾ-89।


© Copyright @ Authors